UK Health Security Agency

# ਲਾਗ ਲਈ ਸਰਜੀਕਲ ਜ਼ਖ਼ਮਾਂ ਦੀ ਨਿਗਰਾਨੀ

## ਮਰੀਜ਼ਾਂ ਲਈ ਜਾਣਕਾਰੀ







ਇਹ ਲੀਫ਼ਲੈੱਟ ਸਰਜੀਕਲ ਜ਼ਖ਼ਮ ਦੀ ਲਾਗ ਅਤੇ ਹਸਪਤਾਲਾਂ ਵਿੱਚ ਹੋਣ ਵਾਲੀ ਲਾਗ ਦੀ ਨਿਗਰਾਨੀ ਲਈ ਰਾਸ਼ਟਰੀ ਪ੍ਰੋਗਰਾਮ ਬਾਰੇ ਦੱਸਦਾ ਹੈ

# ਸਰਜੀਕਲ ਜ਼ਖ਼ਮ ਦੀ ਲਾਗ ਕੀ ਹੁੰਦੀ ਹੈ?

ਜ਼ਿਆਦਾਤਰ ਸਰਜੀਕਲ ਜ਼ਖ਼ਮ ਪੇਚੀਦਗੀਆਂ ਤੋਂ ਬਿਨਾਂ ਬਹੁਤ ਛੇਤੀ ਠੀਕ ਹੋ ਜਾਂਦੇ ਹਨ। ਬਹੁਤ ਘੱਟ ਸੰਖਿਆ ਵਿੱਚ ਸਰਜੀਕਲ ਜ਼ਖ਼ਮਾਂ ਵਿੱਚ ਲਾਗ ਕਰਕੇ ਪੇਚੀਦਗੀਆਂ ਹੁੰਦੀਆਂ ਹਨ। ਇਹ ਉਦੋਂ ਹੁੰਦਾ ਹੈ ਜਦੋਂ ਕੀਟਾਣੂ (ਸੂਖਮ ਜੀਵ ਜਿਵੇਂ ਕਿ ਬੈਕਟੀਰੀਆ) ਉਸ ਚੀਰੇ (ਕੱਟ) ਵਿੱਚ ਦਾਖਲ ਹੁੰਦੇ ਹਨ ਜੋ ਸਰਜਨ ਤੁਹਾਡੀ ਚਮੜੀ 'ਤੇ ਓਪਰੇਸ਼ਨ ਕਰਨ ਲਈ ਲਗਾਉਂਦਾ ਹੈ।

ਬਹੁਤ ਸਾਰੇ ਕੀਟਾਣੂ ਸਾਡੇ ਸਰੀਰ ਦੇ ਅੰਦਰ ਅਤੇ ਸਾਡੇ ਵਾਤਾਵਰਣ ਵਿੱਚ ਵੀ ਰਹਿੰਦੇ ਹਨ। ਜ਼ਿਆਦਾਤਰ ਨੁਕਸਾਨ ਰਹਿਤ ਜਾਂ ਲਾਭਦਾਇਕ ਵੀ ਹੁੰਦੇ ਹਨ। ਸਾਡੇ ਸਰੀਰ ਵਿੱਚ ਕੀਟਾਣੂਆਂ ਦੇ ਵਿਰੁੱਧ ਕੁਦਰਤੀ ਬਚਾਅ ਹੁੰਦਾ ਹੈ ਜੋ ਨੁਕਸਾਨ ਪਹੁੰਚਾ ਸਕਦੇ ਹਨ। ਆਮ ਤੌਰ 'ਤੇ ਸਾਡੀ ਚਮੜੀ ਕੀਟਾਣੂਆਂ ਨੂੰ ਸਾਡੇ ਸਰੀਰ ਵਿੱਚ ਦਾਖਲ ਹੋਣ ਤੋਂ ਰੋਕਦੀ ਹੈ, ਪਰ ਚਮੜੀ ਵਿੱਚ ਕੋਈ ਵੀ ਦਰਾੜ (ਭਾਂਵੇ ਉਹ ਸੱਟ ਲੱਗਣ ਕਰਕੇ ਹੋਵੇ ਜਾਂ ਸਰਜੀਕਲ ਚੀਰਾ ਲੱਗਣ ਕਰਕੇ) ਉਨ੍ਹਾਂ ਦੇ ਅੰਦਰ ਜਾਣ ਅਤੇ ਲਾਗ ਦਾ ਕਾਰਨ ਬਣ ਸਕਦੀ ਹੈ।

# ਇਹ ਲਾਗਾਂ ਕਦੋਂ ਵਿਕਸਿਤ ਹੁੰਦੀਆਂ ਹਨ?

ਸਰਜੀਕਲ ਜ਼ਖ਼ਮ ਦੀ ਲਾਗ ਸਰਜਰੀ ਤੋਂ ਬਾਅਦ ਦੋ ਤੋਂ ਤਿੰਨ ਦਿਨਾਂ ਤੋਂ ਲੈ ਕੇ ਜ਼ਖ਼ਮ ਠੀਕ ਹੋਣ ਤੱਕ (ਆਮ ਤੌਰ 'ਤੇ ਓਪਰੇਸ਼ਨ ਤੋਂ ਬਾਅਦ ਦੋ ਤੋਂ ਤਿੰਨ ਹਫ਼ਤੇ) ਕਿਸੇ ਵੀ ਸਮੇਂ ਵਿਕਸਤ ਹੋ ਸਕਦੀ ਹੈ। ਕਦੇ-ਕਦਾਈਂ, ਓਪਰੇਸ਼ਨ ਤੋਂ ਕਈ ਮਹੀਨਿਆਂ ਬਾਅਦ ਲਾਗ ਪੈਦਾ ਹੋ ਸਕਦੀ ਹੈ।

ਸਰਜੀਕਲ ਜ਼ਖ਼ਮਾਂ ਦੀਆਂ ਲਾਗਾਂ ਬਹੁਤ ਘੱਟ ਹੁੰਦੀਆਂ ਹਨ (ਸਾਰਣੀ ਵੇਖੋ)। ਜ਼ਿਆਦਾਤਰ ਸਰਜੀਕਲ ਜ਼ਖ਼ਮਾਂ ਦੀਆਂ ਲਾਗਾਂ ਚਮੜੀ ਤੱਕ ਸੀਮਿਤ ਹੁੰਦੀਆਂ ਹਨ, ਪਰ ਕਦੇ-ਕਦਾਈਂ ਡੂੰਘੇ ਟਿਸ਼ੂਆਂ ਵਿੱਚ ਫੈਲ ਸਕਦੀਆਂ ਹਨ। ਸਰਜਰੀ ਤੋਂ ਬਾਅਦ ਸਰੀਰ ਦੇ ਉਨ੍ਹਾਂ ਹਿੱਸਿਆਂ 'ਤੇ ਲਾਗ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਜਿੱਥੇ ਬਹੁਤ ਸਾਰੇ ਕੀਟਾਣੂ ਹੁੰਦੇ ਹਨ, ਜਿਵੇਂ ਕਿ ਅੰਤੜੀਆਂ।

**ਵੱਖ-ਵੱਖ ਕਿਸਮਾਂ ਦੇ ਓਪਰੇਸ਼ਨਾਂ ਵਿੱਚ ਸਰਜੀਕਲ ਲਾਗ ਦੀਆਂ ਦਰਾਂ**

| ਓਪਰੇਸ਼ਨ ਦੀ ਕਿਸਮ | ਹਰ 100 ਓਪਰੇਸ਼ਨਾਂ ਵਿੱਚ ਸੰਕਰਮਿਤ ਜ਼ਖ਼ਮਾਂ ਦੀ ਔਸਤ ਸੰਖਿਆ* |
|---|---|
| ਗੋਡੇ ਦੇ ਜੋੜ ਬਦਲਣਾ | 1 ਤੋਂ ਘੱਟ |
| ਕਮਰ ਦਾ ਜੋੜ ਬਦਲਣਾ | 1 ਤੋਂ ਘੱਟ |
| ਢਿੱਡ ਦੀ ਹਿਸਟਰੇਕਟੋਮੀ | 2 |
| ਨਾੜੀਆਂ ਦੀ ਸਰਜਰੀ | 2 |
| ਕੋਰੋਨਰੀ ਆਰਟਰੀ ਬਾਈਪਾਸ ਗ੍ਰਾਫਟ | 3 |
| ਵੱਡੀ ਆਂਤ (ਅੰਤੜੀ) ਦੀ ਸਰਜਰੀ | 9 |

* ਮਰੀਜ਼ਾਂ ਦੇ ਹਸਪਤਾਲ ਵਿੱਚ ਹੋਣ ਜਾਂ ਓਪਰੇਸ਼ਨ ਤੋਂ ਬਾਅਦ ਦੁਬਾਰਾ ਦਾਖਲ ਹੋਣ ਦੇ ਦੌਰਾਨ ਪਾਏ ਗਏ ਸੰਕਰਮਿਤ ਜ਼ਖ਼ਮ।
ਡੇਟਾ ਦਾ ਸਰੋਤ: UKHSA. Surveillance of Surgical Site Infections in NHS Hospitals in England.

# ਮੇਰੇ ਜ਼ਖ਼ਮ ਦੀ ਨਿਗਰਾਨੀ ਕਿਵੇਂ ਕੀਤੀ ਜਾਵੇਗੀ?

ਹਸਪਤਾਲ ਵਿੱਚ ਤੁਹਾਡੇ ਰਹਿਣ ਦੇ ਦੌਰਾਨ, ਤੁਹਾਡੇ ਜ਼ਖ਼ਮ ਦੀਆਂ ਪੱਟੀਆਂ ਬਦਲਣ ਵਾਲੇ/ਵਾਲੀ ਨਰਸ ਲਾਗ ਦੇ ਕਿਸੇ ਵੀ ਲੱਛਣ ਦੀ ਜਾਂਚ ਕਰੇਗਾ/ਕਰੇਗੀ। ਜੇਕਰ ਤੁਸੀਂ ਆਪਣੇ ਜ਼ਖ਼ਮ ਬਾਰੇ ਫ਼ਿਕਰਮੰਦ ਹੋ, ਤਾਂ ਆਪਣੀ ਦੇਖਭਾਲ ਕਰਨ ਵਾਲੇ/ਵਾਲੀ ਨਰਸ ਨੂੰ ਦੱਸੋ। ਆਪਣੀ ਪੱਟੀ ਨੂੰ ਉਤਾਰਨ, ਜਾਂ ਆਪਣੇ ਜ਼ਖ਼ਮ ਜਾਂ ਜ਼ਖ਼ਮ ਦੇ ਮਵਾਦ ਨੂੰ ਹਟਾਉਣ ਵਾਲੀ ਨਲੀ ਨੂੰ ਛੂਹਣ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਗਲਤੀ ਨਾਲ ਆਪਣੀਆਂ ਉਂਗਲਾਂ ਤੋਂ ਕੀਟਾਣੂ ਆਪਣੇ ਜ਼ਖ਼ਮ ਵਿੱਚ ਤਬਦੀਲ ਕਰ ਸਕਦੇ ਹੋ।

ਤੁਹਾਡੇ ਹਸਪਤਾਲ ਛੱਡਣ ਤੋਂ ਬਾਅਦ ਲਾਗ ਹੋ ਸਕਦੀ ਹੈ। ਸਰਜਰੀ ਤੋਂ ਬਾਅਦ ਕੁਝ ਲਾਲੀ ਅਤੇ ਸੋਜ ਹੋਣ ਦੀ ਉਮੀਦ ਹੁੰਦੀ ਹੈ, ਹਾਲਾਂਕਿ ਜੇਕਰ ਤੁਹਾਨੂੰ ਹੇਠ ਲਿੱਖਿਆਂ ਵਿੱਚੋਂ ਇੱਕ ਜਾਂ ਵੱਧ ਲੱਛਣ ਵਿਖਾਈ ਦਿੰਦੇ ਹਨ ਤਾਂ ਤੁਹਾਨੂੰ ਲਾਗ ਹੋ ਸਕਦੀ ਹੈ:

- ਤੁਹਾਡੇ ਜ਼ਖ਼ਮ ਦੇ ਆਲੇ-ਦੁਆਲੇ ਦੀ ਚਮੜੀ ਲਾਲ ਹੋ ਜਾਂਦੀ ਹੈ ਜਾਂ ਦੁਖਦੀ ਹੈ ਅਤੇ ਤੁਹਾਨੂੰ ਨਹੀਂ ਲੱਗਦਾ ਕਿ ਇਹ ਆਮ ਜ਼ਖ਼ਮ ਭਰਨ ਦੀ ਪ੍ਰਕਿਰਿਆ ਦਾ ਹਿੱਸਾ ਹੈ, ਜਾਂ ਉਸ ਵਿੱਚ ਗਰਮੀ ਅਤੇ ਸੋਜ ਮਹਿਸੂਸ ਹੁੰਦੀ ਹੈ
- ਤੁਹਾਡੇ ਜ਼ਖ਼ਮ ਵਿੱਚੋਂ ਹਰੇ ਜਾਂ ਪੀਲੇ ਰੰਗ ਦਾ ਰਿਸਾਵ (ਪਸ) ਹੁੰਦਾ ਹੈ
- ਤੁਸੀਂ ਆਮ ਤੌਰ 'ਤੇ ਬਿਮਾਰ ਜਾਂ ਬੁਖਾਰ ਹੋਣ ਵਾਂਗ ਮਹਿਸੂਸ ਕਰਦੇ ਹੋ, ਜਾਂ ਤੁਹਾਨੂੰ ਬੁਖਾਰ ਹੁੰਦਾ ਹੈ

ਜੇਕਰ ਤੁਹਾਨੂੰ ਆਪਣੇ ਜ਼ਖ਼ਮ ਨਾਲ ਕੋਈ ਸਮੱਸਿਆ ਹੁੰਦੀ ਹੈ, ਤਾਂ ਜਦੋਂ ਤੱਕ ਤੁਹਾਨੂੰ ਹਸਪਤਾਲ ਨਾਲ ਸੰਪਰਕ ਕਰਨ ਲਈ ਨਾ ਕਿਹਾ ਗਿਆ ਹੋਵੇ ਆਪਣੇ ਜਨਰਲ ਪ੍ਰੈਕਟੀਸ਼ਨਰ (GP) ਨਾਲ ਸੰਪਰਕ ਕਰੋ। ਤੁਹਾਡੇ ਓਪਰੇਸ਼ਨ ਤੋਂ ਤਕਰੀਬਨ ਇੱਕ ਮਹੀਨੇ ਬਾਅਦ ਤੁਹਾਨੂੰ ਹਸਪਤਾਲ ਤੋਂ ਇੱਕ ਸਵਾਲਨਾਮਾ (ਕਾਗਜ਼, ਈਮੇਲ ਜਾਂ ਟੈਕਸਟ) ਪ੍ਰਾਪਤ ਹੋ ਸਕਦਾ ਹੈ ਜਾਂ ਟੈਲੀਫ਼ੋਨ ਕਾਲ ਆ ਸਕਦੀ ਹੈ ਤਾਂ ਜੋ ਇਹ ਪੁੱਛਿਆ ਜਾ ਸਕੇ ਕਿ ਤੁਹਾਨੂੰ ਆਪਣੇ ਜ਼ਖ਼ਮ ਨਾਲ ਕੋਈ ਸਮੱਸਿਆ ਹੈ ਜਾਂ ਨਹੀਂ। ਕਈ ਮਰੀਜ਼ ਆਪਣੇ ਓਪਰੇਸ਼ਨ ਤੋਂ ਕੁੱਝ ਸਮਾਂ ਬਾਅਦ ਹਸਪਤਾਲ ਛੱਡ ਦਿੰਦੇ ਹਨ ਅਤੇ ਹਸਪਤਾਲ ਦੇ ਸਟਾਫ ਨੂੰ ਮਰੀਜ਼ਾਂ ਦੇ ਹਸਪਤਾਲ ਛੱਡਣ ਤੋਂ ਬਾਅਦ ਹੋਣ ਵਾਲੇ ਜ਼ਖ਼ਮਾਂ ਦੀਆਂ ਲਾਗਾਂ ਬਾਰੇ ਪਤਾ ਲਗਾਉਣ ਦੀ ਜ਼ਰੂਰਤ ਹੁੰਦੀ ਹੈ, ਨਾ ਕਿ ਸਿਰਫ਼ ਉਨ੍ਹਾਂ ਲਾਗਾਂ ਬਾਰੇ ਜੋ ਮਰੀਜ਼ ਦੇ ਹਸਪਤਾਲ ਵਿੱਚ ਹੋਣ ਦੇ ਦੌਰਾਨ ਵਿਕਸਿਤ ਹੁੰਦੀਆਂ ਹਨ।

## ਜੇਕਰ ਮੇਰੇ ਅੰਦਰ ਲੱਛਣ ਵਿਕਸਿਤ ਹੁੰਦੇ ਹਨ ਤਾਂ ਕੀ ਹੋਵੇਗਾ?

ਤੁਹਾਡਾ ਹਸਪਤਾਲ ਤੁਹਾਡੇ ਓਪਰੇਸ਼ਨ ਬਾਰੇ ਜਾਣਕਾਰੀ ਇਕੱਠੀ ਕਰੇਗਾ ਅਤੇ ਲਾਗ ਦੇ ਸੰਕੇਤਾਂ ਲਈ ਤੁਹਾਡੇ ਜ਼ਖ਼ਮ ਦੀ ਨਿਗਰਾਨੀ ਕਰੇਗਾ। ਜੇਕਰ ਨਰਸ, ਦਾਈ ਜਾਂ ਡਾਕਟਰ ਨੂੰ ਸ਼ੱਕ ਹੈ ਕਿ ਤੁਹਾਨੂੰ ਸਰਜੀਕਲ ਜ਼ਖ਼ਮ ਦੀ ਲਾਗ ਹੋਈ ਹੈ, ਤਾਂ ਉਹ ਤੁਹਾਡੇ ਜ਼ਖ਼ਮ ਦੀ ਸਤਹ ਤੋਂ ਇੱਕ ਸਵੈਬ ਨਾਲ ਨਮੂਨਾ ਲੈ ਕੇ ਉਸਨੂੰ ਟੈਸਟਾਂ ਲਈ ਪ੍ਰਯੋਗਸ਼ਾਲਾ ਵਿੱਚ ਭੇਜ ਸਕਦੇ ਹਨ। ਤੁਹਾਡਾ/ਤੁਹਾਡੀ ਨਰਸ ਜਾਂ ਡਾਕਟਰ ਐਂਟੀਬਾਇਓਟਿਕਸ ਨਾਲ ਇਲਾਜ ਤਜਵੀਜ਼ ਕਰ ਸਕਦਾ/ਦੀ ਹੈ। ਤੁਹਾਡੇ ਓਪਰੇਸ਼ਨ ਬਾਰੇ ਇਕੱਠੀ ਕੀਤੀ ਗਈ ਜਾਣਕਾਰੀ ਹਸਪਤਾਲ ਦੁਆਰਾ ਤੁਹਾਨੂੰ ਸਭ ਤੋਂ ਵਧੀਆ ਵਿਅਕਤੀਗਤ ਦੇਖਭਾਲ ਪ੍ਰਦਾਨ ਕਰਨ ਲਈ ਵਰਤੀ ਜਾਂਦੀ ਹੈ।

## ਮੇਰੀ ਜਾਣਕਾਰੀ ਕਿਸ ਨਾਲ ਸਾਂਝੀ ਕੀਤੀ ਜਾਵੇਗੀ?

ਯੂਕੇ ਹੈਲਥ ਸਿਕਿਓਰਿਟੀ ਏਜੰਸੀ (UKHSA) ਪੂਰੇ ਇੰਗਲੈਂਡ ਦੇ ਹਸਪਤਾਲਾਂ ਵਿੱਚ ਸਰਜੀਕਲ ਜ਼ਖ਼ਮਾਂ ਦੀਆਂ ਲਾਗਾਂ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹੈ। ਇਸ ਵਿੱਚ ਮਦਦ ਕਰਨ ਲਈ, ਤੁਹਾਡਾ ਹਸਪਤਾਲ ਤੁਹਾਡੇ ਓਪਰੇਸ਼ਨ ਬਾਰੇ ਨਿੱਜੀ ਜਾਣਕਾਰੀ UKHSA ਨਾਲ ਸਾਂਝੀ ਕਰਦਾ ਹੈ, ਜਿਸ ਵਿੱਚ ਤੁਹਾਡਾ ਨਾਮ, ਜਨਮ ਦੀ ਤਾਰੀਖ਼, ਲਿੰਗ ਅਤੇ NHS ਨੰਬਰ ਸ਼ਾਮਲ ਹੁੰਦੇ ਹਨ। ਸਰਜੀਕਲ ਜ਼ਖ਼ਮ ਦੀ ਲਾਗ ਹੋਣ ਦੇ ਤੁਹਾਡੇ ਜੋਖ਼ਮ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਜਾਂਦੀ ਹੈ, ਜਿਸ ਵਿੱਚ ਸ਼ਾਮਲ ਹਨ:

- ਤੁਹਾਡੇ ਓਪਰੇਸ਼ਨ ਤੋਂ ਪਹਿਲਾਂ ਤੁਹਾਡੀ ਸਿਹਤ ਦਾ ਆਮ ਪੱਧਰ
- ਤੁਹਾਡੇ ਓਪਰੇਸ਼ਨ ਬਾਰੇ ਜਾਣਕਾਰੀ
- ਤੁਹਾਡੀ ਸਰਜਰੀ ਤੋਂ ਬਾਅਦ ਤੁਹਾਨੂੰ ਹੋਈ ਕਿਸੇ ਵੀ ਲਾਗ ਬਾਰੇ ਜਾਣਕਾਰੀ

UKHSA ਨੂੰ ਤੁਹਾਡੇ ਹਸਪਤਾਲ ਤੋਂ ਪ੍ਰਾਪਤ ਜਾਣਕਾਰੀ ਦੀ ਗੁਣਵੱਤਾ ਅਤੇ ਸਟੀਕਤਾ ਦੀ ਜਾਂਚ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਨਿੱਜੀ ਜਾਣਕਾਰੀ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ ਕਿ ਅਸੀਂ ਮਰੀਜ਼ਾਂ ਦੀ ਗਿਣਤੀ ਇੱਕ ਤੋਂ ਵੱਧ ਵਾਰ ਨਾ ਕਰੀਏ। ਅਸੀਂ ਇਸ ਜਾਣਕਾਰੀ ਦੀ ਵਰਤੋਂ NHS ਰਿਕਾਰਡਾਂ ਨਾਲ ਲਿੰਕ ਕਰਨ ਲਈ ਵੀ ਕਰਦੇ ਹਾਂ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਕੀ ਤੁਹਾਡੀ ਸਰਜਰੀ ਤੋਂ ਬਾਅਦ ਤੁਹਾਨੂੰ ਦੁਬਾਰਾ ਹਸਪਤਾਲ ਵਿੱਚ ਦਾਖਲ ਕਰਵਾਇਆ ਜਾਂਦਾ ਹੈ, ਅਤੇ ਕੀ ਤੁਹਾਡੇ ਅੰਦਰ ਡਾਇਬਿਟੀਜ਼ ਵਰਗੀ ਲਾਗ ਲਈ ਕੋਈ ਜੋਖ਼ਮ ਦੇ ਕਾਰਕ ਹਨ। ਇਹ ਹਸਪਤਾਲਾਂ ਵਿੱਚ ਸਰਜੀਕਲ ਲਾਗਾਂ ਦੀਆਂ ਦਰਾਂ ਦਾ ਮੁਲਾਂਕਣ ਕਰਨ ਵਿੱਚ ਸਾਡੇ ਜਨਤੱਕ ਸਿਹਤ ਵਿਗਿਆਨੀਆਂ ਦੀ ਮਦਦ ਕਰਦਾ ਹੈ ਅਤੇ ਮਰੀਜ਼ਾਂ ਨੂੰ ਦਿੱਤੇ ਜਾਣ ਵਾਲੇ ਇਲਾਜ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਕਰਦਾ ਹੈ। ਇਸ ਤੋਂ ਇਲਾਵਾ, ਅਸੀਂ ਆਫ਼ਿਸ ਫਾਰ ਨੈਸ਼ਨਲ ਸਟੈਟਿਸਟਿਕਸ (Office for National Statistics) ਦੇ ਮੌਤ ਦੀ ਦਰ ਦੇ ਰਿਕਾਰਡਾਂ ਨਾਲ ਵੀ ਉਸਨੂੰ ਲਿੰਕ ਕਰਦੇ ਹਾਂ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਕੀ ਸਰਜੀਕਲ ਲਾਗ ਵਾਲੇ ਕਿਸੇ ਮਰੀਜ਼ ਦੀ ਮੌਤ ਉਸ ਲਾਗ ਨਾਲ ਹੁੰਦੀ ਹੈ।

ਤੁਹਾਡੀ ਜਾਣਕਾਰੀ ਕਲੀਨਿਕਲ ਲਾਗਾਂ ਬਾਰੇ ਹੋਰ ਜਾਣਕਾਰੀ ਲਈ UKHSA ਦੁਆਰਾ ਰੱਖੇ ਗਏ ਮਾਈਕ੍ਰੋਬਾਇਓਲੋਜੀ ਪ੍ਰਯੋਗਸ਼ਾਲਾ ਡੇਟਾ ਨਾਲ ਵੀ ਲਿੰਕ ਕੀਤੀ ਜਾ ਸਕਦੀ ਹੈ। ਅਸੀਂ ਤੁਹਾਡੀ ਜਾਣਕਾਰੀ ਨੂੰ ਹੋਰ ਕਲੀਨਿਕਲ ਰਜਿਸਟਰੀਆਂ ਦੁਆਰਾ ਰੱਖੇ ਗਏ ਰਿਕਾਰਡਾਂ ਨਾਲ ਵੀ ਲਿੰਕ ਕਰ ਸਕਦੇ ਹਾਂ, ਜਿਸ ਵਿੱਚ ਜ਼ਿਆਦਾ ਬਿਓਰੇਵਾਰ ਸਰਜੀਕਲ ਜਾਣਕਾਰੀ ਹੁੰਦੀ ਹੈ, ਜਿਵੇਂ ਕਿ ਵਰਤੇ ਗਏ ਸਰਜੀਕਲ ਇਮਪਲਾਂਟ ਦੀਆਂ ਕਿਸਮਾਂ।

ਤੁਹਾਡਾ ਮੋਬਾਈਲ ਫ਼ੋਨ ਨੰਬਰ ਅਤੇ ਈਮੇਲ ਪਤਾ, ਜਾਂ ਤੁਹਾਡੇ ਵੱਲੋਂ ਕੰਮ ਕਰਨ ਵਾਲੇ ਕਿਸੇ ਵਿਅਕਤੀ ਦਾ ਮੋਬਾਈਲ ਫ਼ੋਨ ਨੰਬਰ ਅਤੇ ਈਮੇਲ ਪਤਾ, UKHSA ਨਾਲ ਸਾਂਝਾ ਕੀਤਾ ਜਾ ਸਕਦਾ ਹੈ। ਇਹ ਇਸ ਲਈ ਹੁੰਦਾ ਹੈ ਤਾਂ ਜੋ ਅਸੀਂ ਤੁਹਾਨੂੰ ਈਮੇਲ ਜਾਂ ਟੈਕਸਟ ਰਾਹੀਂ ਜ਼ਖ਼ਮ ਭਰਨ ਨਾਲ ਸੰਬੰਧਿਤ ਸਵਾਲਨਾਮਾ ਭੇਜ ਸਕੀਏ ਤਾਂ ਜੋ ਤੁਸੀਂ ਉਸਨੂੰ ਪੂਰਾ ਕਰ ਕੇ UKHSA ਨੂੰ ਵਾਪਸ ਭੇਜ ਸਕੋ।

## ਮੈਨੂੰ ਸਰਜੀਕਲ ਲਾਗਾਂ ਬਾਰੇ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ www.gov.uk/government/collections/surgical-site-infection-ssi-guidance-data-and-analysis ’ਤੇ UKHSA ਦੀ ਵੈੱਬਸਾਈਟ ’ਤੇ ਸਰਜੀਕਲ ਜ਼ਖ਼ਮਾਂ ਦੀਆਂ ਲਾਗਾਂ ਬਾਰੇ ਹੋਰ ਜਾਣ ਸਕਦੇ ਹੋ

# ਮੈਨੂੰ UKHSA ਬਾਰੇ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਇਸ ਬਾਰੇ ਹੋਰ ਜਾਣਕਾਰੀ www.gov.uk/guidance/surgical-site-infection-surveillance-privacy-notice ’ਤੇ ਪ੍ਰਾਪਤ ਕਰ ਸਕਦੇ ਹੋ ਕਿ UKHSA ਸਰਜੀਕਲ ਜ਼ਖ਼ਮਾਂ ਦੀਆਂ ਲਾਗਾਂ ਨੂੰ ਵੇਖਣ ਲਈ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੀ ਹੈ।

UKHSA ਦੁਆਰਾ ਉਨ੍ਹਾਂ ਮਰੀਜ਼ਾਂ ਲਈ ਤਿਆਰ ਕੀਤਾ ਗਿਆ ਹੈ ਜਿਨ੍ਹਾਂ ਦੀ ਸਰਜਰੀ ਦੀ ਨਿਗਰਾਨੀ UKHSA ਦੀ ਸਰਜੀਕਲ ਸਾਈਟ ਇਨਫੈਕਸ਼ਨ ਨਿਗਰਾਨੀ ਸੇਵਾ ਦੇ ਤਹਿਤ ਕੀਤੀ ਜਾ ਰਹੀ ਹੈ।

| **ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਕਿਰਪਾ ਕਰਕੇ ਸੰਪਰਕ ਕਰੋ:** |
|---|
| |

ਇਹ ਲੀਫਲੈੱਟ ਵੱਡੇ ਪ੍ਰਿੰਟ ਅਤੇ ਇਨ੍ਹਾਂ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ, ਉਦਾਹਰਨ ਲਈ: ਅਰਬੀ, ਬੰਗਾਲੀ, ਚੀਨੀ (ਸਰਲੀਕ੍ਰਿਤ ਜਾਂ ਰਵਾਇਤੀ), ਗੁਜਰਾਤੀ, ਪੋਲਿਸ਼, ਪੰਜਾਬੀ ਅਤੇ ਉਰਦੂ। ਤੁਸੀਂ ਇਸ ਪ੍ਰਕਾਸ਼ਨ ਨੂੰ www.gov.uk/ukhsa ਤੋਂ ਡਾਊਨਲੋਡ ਕਰ ਸਕਦੇ ਹੋ।

ਤੁਸੀਂ ਓਪਨ ਗਵਰਨਮੈਂਟ ਲਾਇਸੈਂਸ (OGL) v3.0 ਦੀਆਂ ਸ਼ਰਤਾਂ ਦੇ ਤਹਿਤ, ਇਸ ਜਾਣਕਾਰੀ (ਲੋਗੋ ਨੂੰ ਛੱਡ ਕੇ) ਨੂੰ ਕਿਸੇ ਵੀ ਫ਼ਾਰਮੈਟ ਜਾਂ ਮਾਧਿਅਮ ਵਿੱਚ ਮੁਫਤ ਵਿੱਚ ਦੁਬਾਰਾ ਵਰਤ ਸਕਦੇ ਹੋ। ਇਸ ਲਾਇਸੈਂਸ ਨੂੰ ਵੇਖਣ ਲਈ, OGL ’ਤੇ ਜਾਓ www.nationalarchives.gov.uk/doc/open-government-licence/version/3/. ਜਿੱਥੇ ਅਸੀਂ ਕਿਸੇ ਤੀਜੀ ਧਿਰ ਦੀ ਕਾਪੀਰਾਈਟ ਜਾਣਕਾਰੀ ਦੀ ਪਛਾਣ ਕੀਤੀ ਹੋਵੇ, ਉੱਥੇ ਤੁਹਾਨੂੰ ਸੰਬੰਧਿਤ ਕਾਪੀਰਾਈਟ ਧਾਰਕਾਂ ਤੋਂ ਇਜਾਜ਼ਤ ਲੈਣ ਦੀ ਲੋੜ ਹੋਵੇਗੀ।

UKHSA ਹਰੇਕ ਕਮਿਊਨਿਟੀ ਦੇ ਹਰੇਕ ਮੈਂਬਰ ਨੂੰ ਛੂਤ ਦੀਆਂ ਬਿਮਾਰੀਆਂ, ਰਸਾਇਣਕ, ਜੈਵਿਕ, ਰੇਡੀਓਲੌਜੀਕਲ ਅਤੇ ਪਰਮਾਣੂ ਘਟਨਾਵਾਂ ਅਤੇ ਹੋਰ ਸਿਹਤ-ਸੰਬੰਧੀ ਖਤਰਿਆਂ ਦੇ ਅਸਰ ਤੋਂ ਬਚਾਉਣ ਲਈ ਜ਼ਿੰਮੇਵਾਰ ਹੈ। ਅਸੀਂ ਰਾਸ਼ਟਰ ਦੀ ਸਿਹਤ ਨੂੰ ਸੁਰੱਖਿਅਤ ਬਣਾਉਣ ਲਈ ਰਾਸ਼ਟਰੀ ਅਤੇ ਸਥਾਨਕ ਪੱਧਰ ’ਤੇ, ਦੇ ਨਾਲ-ਨਾਲ ਹੀ ਵਿਸ਼ਵ ਪੱਧਰ ’ਤੇ ਬੌਧਿਕ, ਵਿਗਿਆਨਕ ਅਤੇ ਕਾਰਜਸ਼ੀਲ ਅਗਵਾਈ ਪ੍ਰਦਾਨ ਕਰਦੇ ਹਾਂ।

www.gov.uk/government/organisations/uk-health-security-agency

**Ulotka ta jest również dostępna w języku polskim**
ਇਹ ਪਰਚਾ ਪੰਜਾਬੀ ਵਿੱਚ ਵੀ ਉਪਲਬੱਧ ਹੈ
**এই প্রচারপত্রটি বাংলা ভাষায়ও পাওয়া যায়**
**આ પત્રિકા ગુજરાતી ભાષામાં પણ ઉપલબ્ધ છે**
本宣传单还提供有中文(简体)版本
本宣傳單還提供有中文(繁體)版本
تتوفر هذه الكراسة أيضاً باللغة العربية.
یہ پرچہ اُردو میں بھی دستیاب ہے

© Crown copyright 2025

ਇਸ ਦਸਤਾਵੇਜ਼ ਨਾਲ ਸੰਬੰਧਿਤ ਸਵਾਲਾਂ ਲਈ, ਕਿਰਪਾ ਕਰਕੇ ਸੰਪਰਕ ਕਰੋ:
ssi.data@ukhsa.gov.uk

ਪ੍ਰਕਾਸ਼ਿਤ: ਜੂਨ 2025

ਪ੍ਰਕਾਸ਼ਨ ਦਾ ਹਵਾਲਾ: GOV-11041

ਫ਼ੋਟੋ © Shutterstock

Corporate member of Plain English Campaign
Committed to clearer communication
339

UKHSA ਟਿਕਾਊ ਵਿਕਾਸ ਟੀਚਿਆਂ ਦਾ ਸਮਰਥਨ ਕਰਦਾ ਹੈ

SUSTAINABLE DEVELOPMENT GOALS